Department
of Health &
Social Care

23 ਅਗਸਤ 2021

ਪਿਆਰੇ ਮਰੀਜ਼,

## ਕੋਵਿਡ-19 ਬਾਰੇ ਤੁਹਾਡੇ ਲਈ ਮਹੱਤਵਪੂਰਣ ਜਾਣਕਾਰੀ

Withdrawn April 2022

ਅਸੀਂ ਤੁਹਾਨੂੰ ਇਸ ਲਈ ਲਿਖ ਰਹੇ ਹਾਂ ਕਿਉਂਕਿ ਪਹਿਲਾਂ ਤੁਹਾਡੇ ਬੱਚੇ ਦੀ ਕੋਵਿਡ -19 ਦੇ ਪ੍ਰਤੀ ਡਾਕਟਰੀ ਤੌਰ 'ਤੇ ਬਹੁਤ ਕਮਜ਼ੋਰ ਹੋਣ ਵਜੋਂ ਪਛਾਣ ਕੀਤੀ ਗਈ ਸੀ,ਭਾਵ ਇਹ ਕਿ ਜੇ ਉਹ ਵਾਇਰਸ ਦੀ ਚਪੇਟ ਵਿੱਚ ਆ ਜਾਂਦਾ ਤਾਂ ਉਹ ਗੰਭੀਰ ਬਿਮਾਰੀ ਦੇ ਵੱਧ ਜੋਖਮ ਵਿੱਚ ਮੰਨਿਆ ਜਾਂਦਾ। ਹੋ ਸਕਦਾ ਹੈ ਕਿ ਉਸਨੂੰ ਪਹਿਲਾਂ ਸ਼ੀਲਡ ਕਰਨ ਦੀ ਸਲਾਹ ਦਿੱਤੀ ਗਈ ਹੋਵੇ।

ਜਿਵੇਂ ਕਿ ਤੁਹਾਨੂੰ ਪਤਾ ਹੈ,1 ਅਪ੍ਰੈਲ ਨੂੰ ਸ਼ੀਲਡਿੰਗ ਰੋਕ ਦਿੱਤੀ ਗਈ ਸੀ,ਅਤੇ 19 ਜੁਲਾਈ ਨੂੰ ਬੱਚਿਆਂ ਅਤੇ ਨੌਜਵਾਨਾਂ ਸਮੇਤ ਜਿਨ੍ਹਾਂ ਲੋਕਾਂ ਨੂੰ ਪਹਿਲਾਂ ਡਾਕਟਰੀ ਤੌਰ 'ਤੇ ਬਹੁਤ ਕਮਜ਼ੋਰ ਵਜੋਂ ਪਛਾਣਿਆ ਗਿਆ ਸੀ,ਉਨ੍ਹਾਂ ਨੂੰ ਬਾਕੀ ਆਬਾਦੀ ਵਾਲੇ ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਸਲਾਹ ਦਿੱਤੀ ਗਈ ਸੀ। ਤਾਜ਼ਾ ਕਲੀਨਿਕਲ ਅਧਿਐਨਾਂ[1] ਵਿਚ ਪਾਇਆ ਗਯਾ ਹੈ ਕਿ ਜੇ ਬੱਚੇ ਅਤੇ ਨੌਜਵਾਨ ਵਾਇਰਸ ਦੀ ਚਪੇਟ ਵਿੱਚ ਆ ਜਾਣ ਤਾਂ ਉਹ ਗੰਭੀਰ ਬਿਮਾਰੀ ਦੇ ਬਹੁਤ ਹੀ ਘੱਟ ਜੋਖਮ ਵਿੱਚ ਹੁੰਦੇ ਹਨ। ਤੁਹਾਨੂੰ ਇਹ ਦੱਸਣ ਵਿੱਚ ਸਾਨੂੰ ਖੁਸ਼ੀ ਹੋ ਰਹੀ ਹੈ ਕਿ ਤੁਹਾਡੇ ਬੱਚੇ ਨੂੰ ਇਸ ਕਰਕੇ **ਹੁਣ ਡਾਕਟਰੀ ਤੌਰ 'ਤੇ ਬਹੁਤ ਕਮਜ਼ੋਰ ਨਹੀ ਮੰਨਿਆ ਜਾਂਦਾ ਹੈ ਅਤੇ ਉਸਨੂੰ ਹਰ ਕਿਸੇ ਦੀ ਤਰ੍ਹਾਂ ਉਹੀ ਨਿਰਦੇਸ਼ਾਂ ਦੀ ਪਾਲਣਾ ਕਰਨੀ ਜਾਰੀ ਰੱਖਣੀ ਚਾਹੀਦੀ ਹੈ**,ਜੋ www.gov.uk/coronavirus'ਤੇ ਮਿਲ ਸਕਦੇ ਹਨ। ਹੋ ਸਕਦਾ ਹੈ ਕਿ ਬਹੁਤ ਹੀ ਘੱਟ ਬੱਚਿਆਂ ਲਈ ਖਾਸ ਵਿਅਕਤੀਗਤ ਕਲੀਨਿਕਲ ਸਲਾਹ ਦਿੱਤੀ ਜਾਵੇ,ਅਤੇ ਇਸਦੀ ਪਾਲਣਾ ਜਾਰੀ ਰੱਖਣੀ ਚਾਹੀਦੀ ਹੈ। ਤੁਹਾਨੂੰ ਇਹ ਚਿੱਠੀ ਪ੍ਰਾਪਤ ਹੋਈ ਹੈ ਕਿਉਂਕਿ ਜਦੋਂ ਇਸ ਦੀ ਕਾਰਵਾਈ ਹੋਈ ਸੀ ਤੁਹਾਡਾ ਬੱਚਾ 18 ਸਾਲ ਤੋਂ ਘੱਟ ਉਮਰ ਦਾ ਸੀ। ਜੇ ਤੁਹਾਡਾ ਬੱਚਾ ਹਾਲ ਹੀ ਵਿੱਚ 18 ਸਾਲ ਦਾ ਹੋਇਆ ਹੈ,ਤਾਂ ਕਿਰਪਾ ਕਰਕੇ ਇਸ ਚਿੱਠੀ ਨੂੰ ਨਜ਼ਰਅੰਦਾਜ਼ ਕਰ ਦਿਓ।

### ਬੱਚਿਆਂ ਅਤੇ ਨੌਜਵਾਨਾਂ ਲਈ ਕੋਵਿਡ-19 ਦਾ ਜੋਖਮ

ਮਹਾਂਮਾਰੀ ਦੀ ਸ਼ੁਰੂਆਤ ਵਿੱਚ,ਸਾਨੂੰ ਕੋਵਿਡ-19 ਦੁਆਰਾ ਦਰਪੇਸ਼ ਖਤਰੇ ਬਾਰੇ ਬਹੁਤ ਥੋੜ੍ਹਾ ਪਤਾ ਸੀ ਅਤੇ ਅਸੀਂ ਬਹੁਤ ਸਾਰੇ ਬੱਚਿਆਂ ਅਤੇ ਨੌਜਵਾਨਾਂ ਸਮੇਤ,ਅਨੇਕਾਂ ਲੱਖਾਂ ਲੋਕਾਂ ਨੂੰ ਖੁਦ ਦੀ ਰੱਖਿਆ ਕਰਨ ਲਈ ਸ਼ੀਲਡ ਕਰਨ ਦੀ ਸਲਾਹ ਦੇਣ ਦਾ ਔਖਾ ਫ਼ੈਸਲਾ ਕੀਤਾ। ਉਸ ਸਮੇਂ ਉਹ ਸਹੀ ਫ਼ੈਸਲਾ ਸੀ ਅਤੇ ਸਭ

[1] https://www.medrxiv.org/content/10.1101/2021.07.01.21259785v1
https://www.researchsquare.com/article/rs-689684/v1
https://www.medrxiv.org/content/10.1101/2021.06.30.21259763v1

ਤੋਂ ਵੱਧ ਕਮਜ਼ੋਰ ਲੋਕਾਂ ਨੂੰ ਸੁਰੱਖਿਅਤ ਰੱਖਣ ਵਿੱਚ ਉਦੋਂ ਮਦਦ ਕੀਤੀ ਜਦੋਂ ਅਸੀਂ ਕੋਵਿਡ-19 ਬਾਰੇ ਵਾਧੂ ਸਿਖਿਆ ਸੀ।

ਮਹਾਂਮਾਰੀ ਦੀ ਸ਼ੁਰੂਆਤ ਤੋਂ ਲੈਕੇ ਹੁਣ ਤਕ ਅਸੀਂ ਬਹੁਤ ਕੁਝ ਸਿੱਖ ਲਿਆ ਹੈ,ਖਾਸ ਕਰਕੇ ਵਿਸ਼ੇਸ਼ ਗਰੁੱਪਾਂ 'ਤੇ ਕੋਵਿਡ-19 ਦੇ ਅਸਰ ਬਾਰੇ।ਤਾਜ਼ਾ ਕਲੀਨਿਕਲ ਅਧਿਐਨਾਂ ਦੇ ਨਤੀਜਿਆਂ ਬਾਰੇ ਮਾਹਿਰਾਂ ਦੇ ਪੈਨਲ ਦੁਆਰਾ ਚਰਚਾ ਕੀਤੀ ਗਈ ਸੀ ਜਿਸਨੇ ਇਹ ਸਿਫ਼ਾਰਸ਼ ਕੀਤੀ ਕਿ ਬੱਚਿਆਂ ਅਤੇ ਨੌਜਵਾਨਾਂ ਨੂੰ ਹੁਣ ਡਾਕਟਰੀ ਤੌਰ 'ਤੇ ਬਹੁਤ ਕਮਜ਼ੋਰ ਲੋਕਾਂ ਵਿੱਚ ਨਹੀਂ ਮੰਨਿਆ ਜਾਣਾ ਚਾਹੀਦਾ ਅਤੇ ਇਸ ਲਈ,ਡਾਕਟਰੀ ਤੌਰ 'ਤੇ ਬਹੁਤ ਕਮਜ਼ੋਰ ਮੰਨੇ ਜਾਣ ਵਾਲੇ ਲੋਕਾਂ ਨੂੰ ਸ਼ੀਲਡ ਕੀਤੇ ਮਰੀਜ਼ਾਂ ਦੀ ਰਾਸ਼ਟਰੀ ਡੇਟਾਬੇਸ ਸੂਚੀ ਵਿੱਚ ਨਹੀਂ ਰੱਖਿਆ ਜਾਣਾ ਚਾਹੀਦਾ ਹੈ। ਇਸ ਸਿਫ਼ਾਰਸ਼ ਉੱਤੇ UKਦੇ ਚੀਫ਼ ਮੈਡੀਕਲ ਅਫ਼ਸਰਾਂ ਦੁਆਰਾ ਸਹਿਮਤੀ ਜਤਾਈ ਗਈ ਸੀ।

ਇਹ ਜ਼ਰੂਰੀ ਹੈ ਕਿ ਤੁਹਾਡਾ ਬੱਚਾ ਆਪਣੇ ਸਕੂਲ ਜਾਂ ਦੂਜੇ ਵਿੱਦਿਅਕ ਮਾਹੌਲਾਂ ਵਿੱਚ ਜਾਣਾ ਜਾਰੀ ਰੱਖੇ। ਸਕੂਲੀ ਪੜ੍ਹਾਈ ਦੀ ਕਮੀ ਨੂੰ ਬੱਚਿਆਂ 'ਤੇ ਮਹੱਤਵਪੂਰਣ ਨਕਾਰਾਤਮਕ ਅਸਰ ਪਾਉਣ ਵਜੋਂ ਜਾਣਿਆ ਜਾਂਦਾ ਹੈ,ਜਿਸ ਨਾਲ ਉਨ੍ਹਾਂ ਦੇ ਜੀਵਨ ਦੀ ਸੰਭਾਵਨਾ ਘਟਦੀ ਹੈ ਅਤੇ ਸਰੀਰਕ ਤੇ ਮਾਨਸਿਕ ਸਿਹਤ ਸਬੰਧੀ ਸਮੱਸਿਆਵਾਂ ਬਦਤਰ ਹੋ ਜਾਂਦੀਆਂ ਹਨ। ਸਾਰੇ ਅਰਲੀ ਯੀਅਰਜ਼ ਪ੍ਰਦਾਤਾ,ਸਕੂਲ ਅਤੇ ਕਾਲਜ ਕੋਵਿਡ-19 ਫ਼ੈਲਣ ਦੇ ਜੋਖਮ ਨੂੰ ਘਟਾਉਣ ਵਿੱਚ ਮਦਦ ਕਰਨ ਲਈ ਨਿਰੰਤਰ ਉਪਾਅ ਲਾਗੂ ਕਰ ਰਹੇ ਹਨ। ਵਧੇਰੀ ਜਾਣਕਾਰੀ ਇੱਥੋਂ ਮਿਲ ਸਕਦੀ ਹੈ [www.gov.uk/coronavirus/education-and-childcare](http://www.gov.uk/coronavirus/education-and-childcare)

ਬਹੁਤ ਘੱਟ ਗਿਣਤੀ ਵਿਚ ਬੱਚਿਆਂ ਅਤੇ ਨੌਜਵਾਨਾਂ ਨੂੰ ਮਹਾਂਮਾਰੀ ਕਰਕੇ ਨਹੀਂ,ਬਲਕਿ ਉਹਨਾਂ ਦੀ ਆਪਣੀ ਡਾਕਟਰੀ ਸਥਿਤੀ ਜਾਂ ਇਲਾਜ ਦੀ ਪ੍ਰਕਿਰਤੀ ਕਰਕੇ,ਉਨ੍ਹਾਂ ਦੇ ਮਾਹਰ ਦੁਆਰਾ ਸਲਾਹ ਦਿੱਤੀ ਗਈ ਹੋਵੇਗੀ ਕਿ ਉਹ ਥੋੜ੍ਹੇ ਜਿਹੇ ਸਮੇਂ ਲਈ ਇਕਾਂਤਵਾਸ ਵਿੱਚ ਜਾਣ ਜਾਂ ਆਪਣੇ ਸਮਾਜਕ ਸੰਪਰਕ ਨੂੰ ਘਟਾਉਣ। ਜੇ ਤੁਹਾਡੇ ਬੱਚੇ ਨਾਲ ਅਜਿਹਾ ਹੀ ਹੈ,ਤਾਂ ਉਸਨੂੰ ਆਪਣੇ ਮਾਹਰ ਦੀ ਸਲਾਹ ਦੀ ਪਾਲਣਾ ਕਰਨੀ ਚਾਹੀਦੀ ਹੈ।

Withdrawn April 2022

## ਕੋਵਿਡ-19 ਟੀਕਾਕਰਣ

ਟੀਕਾਕਰਣ ਹੁਣ 16-17 ਸਾਲ ਦੇ ਸਾਰੇ ਨੌਜਵਾਨਾਂ ਲਈ ਉਪਲਬਧ ਹੈ। 12-15 ਸਾਲ ਦੇ ਕੁਝ ਬੱਚੇ ਵੀ,ਜੋ ਬਹੁਤ ਹੀ ਖਾਸ ਜੋਖਮ ਜਿਨ੍ਹਾਂ ਦਾ ਉਹ ਸਾਹਮਣਾ ਕਰਦੇ ਹਨ ਅਤੇ ਉਹ ਵਿਸ਼ੇਸ਼ ਲਾਭ ਜੋ ਉਨ੍ਹਾਂਨੂੰ ਟੀਕੇ ਤੋਂ ਮਿਲਣਗੇ,ਕਰਕੇ ਟੀਕਾਕਰਣ ਦੇ ਯੋਗ ਹੋ ਸਕਦੇ ਹਨ। ਹਾਲਾਂਕਿ,ਟੀਕਾਕਰਣ ਦੇ ਲਈ ਯੋਗ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੇ ਬੱਚੇ ਨੂੰ ਡਾਕਟਰੀ ਤੌਰ 'ਤੇ ਬਹੁਤ ਕਮਜ਼ੋਰ ਮੰਨਿਆ ਜਾਂਦਾ ਹੈ ਜਾਂ ਉਸਨੂੰ ਸ਼ੀਲਡ ਕਰਨ ਦੀ ਲੋੜ ਹੈ।

## NHSਸੇਵਾਵਾਂ ਤਕ ਪਹੁੰਚਣਾ

ਇਹ ਮਹੱਤਵਪੂਰਣ ਹੈ ਕਿ ਤੁਹਾਡੇ ਬੱਚੇ ਨੂੰ ਉਹ ਦੇਖਭਾਲ ਅਤੇ ਸਹਾਇਤਾ ਮਿਲਦੀ ਰਹੇ ਜਿਸਦੀ ਉਸਨੂੰ ਸੁਰੱਖਿਅਤ ਅਤੇ ਸਿਹਤਮੰਦ ਰਹਿਣ ਲਈ ਲੋੜ ਹੈ। ਸਮਾਜਿਕ ਦੇਖਭਾਲ ਅਤੇ ਮੈਡੀਕਲ ਸੇਵਾਵਾਂ ਦੇ ਪ੍ਰਦਾਤਾ ਇਹ ਯਕੀਨੀ ਬਣਾਉਣ ਲਈ ਹਰੇਕ ਕੋਸ਼ਿਸ਼ ਕਰ ਰਹੇ ਹਨ ਕਿ ਸੇਵਾਵਾਂ ਜਿੰਨਾ ਸੰਭਵ ਹੋ ਸਕੇ ਖੁਲ੍ਹੀਆਂ ਅਤੇ ਸੁਰੱਖਿਅਤ ਰਹਿਣ।

Department of Health & Social Care

ਤੁਹਾਡੇ ਬੱਚੇ ਨੂੰ ਆਪਣੀਆਂ ਮੌਜੂਦਾ ਸਿਹਤ ਸਮੱਸਿਆਵਾਂ ਲਈ NHSਤੋਂ ਸਹਾਇਤਾ ਲੈਣੀ ਜਾਰੀ ਰੱਖਣੀ ਚਾਹੀਦੀ ਹੈ। ਉਹ ਘਰ ਤੋਂ ਹੀ ਬਹੁਤ ਸਾਰੀਆਂ NHSਸੇਵਾਵਾਂ ਤਕ ਪਹੁੰਚ ਸਕਦੇ ਹਨ,ਜਿਨ੍ਹਾਂ ਵਿੱਚ ਪ੍ਰਿਸਕ੍ਰਿਪਸ਼ਨ ਵਾਲੀਆਂ ਦਵਾਈਆਂ ਦੁਬਾਰਾ ਮੰਗਵਾਉਣਾ ਜਾਂ ਆਨਲਾਈਨ ਸਲਾਹ ਰਾਹੀਂ ਆਪਣੇ ਸਿਹਤ ਪੇਸ਼ੇਵਰ ਨਾਲ ਸੰਪਰਕ ਕਰਨਾ ਸ਼ਾਮਲ ਹੈ। ਹੋਰ ਜਾਣਕਾਰੀ ਲੈਣ ਲਈ www.nhs.uk/health-at-home'ਤੇ ਜਾਓ,ਜਾਂ NHSਐਪ ਡਾਉਨਲੋਡ ਕਰੋ। ਜੇ ਤੁਹਾਨੂੰ ਆਪਣੇ ਬੱਚੇ ਦੀ ਸਿਹਤ ਬਾਰੇ ਚਿੰਤਾ ਹੈ,ਤਾਂ ਉਸਦੇ GP,ਹਸਪਤਾਲ ਦੇ ਕਲੀਨਿਸ਼ੀਅਨ ਨਾਲ ਗੱਲ ਕਰੋ ਜਾਂ NHS111 ਦਾ ਇਸਤੇਮਾਲ ਕਰੋ ਜਾਂ,ਕਿਸੇ ਮੈਡੀਕਲ ਐਮਰਜੈਂਸੀ ਲਈ,999 ਡਾਇਲ ਕਰੋ।

ਮਹਾਂਮਾਰੀ ਅਤੇ ਤਾਲਾਬੰਦੀ ਤੋਂ ਇਸ ਵਿੱਚ ਢਿੱਲ ਦੀਆਂ ਸਿਲਸਿਲੇਵਾਰ ਅਵਧੀਆਂ ਨੇ ਕੁਝ ਬੱਚਿਆਂ ਅਤੇ ਨੌਜਵਾਨਾਂ ਵਿੱਚ ਤਣਾਅ ਅਤੇ ਚਿੰਤਾ ਵਧਾ ਦਿੱਤੀ ਹੈ,ਅਤੇ ਇਹ ਇੱਕ ਬਿਲਕੁਲ ਆਮ ਪ੍ਰਤੀਕਿਰਿਆ ਹੋ ਸਕਦੀ ਹੈ। NHSਮਾਹਰਾਂ ਨੇ ਨੌਜਵਾਨਾਂ ਲਈ (www.england.nhs.uk/blog/what-to-do-if-youre-a-young-person-and-its-all-getting-too-much-2/) ਅਤੇ ਪਰਿਵਾਰਾਂ ਜਾਂ ਦੇਖਭਾਲਕਰਤਾਵਾਂ ਲਈ (www.england.nhs.uk/blog/advice-for-parents-guardians-and-carers-on-how-to-support-a-child-or-young-person-if-youre-concerned-about-their-mental-health/) ਤੇ ਵਿਹਾਰਕ ਸੁਝਾਵਾਂ ਦੇ ਨਾਲ ਬਲੌਗ ਪ੍ਰਕਾਸ਼ਤ ਕੀਤੇ ਹਨ ਅਤੇ ਅਗਲੀ ਮਦਦ ਲਈ ਮਾਰਗਦਰਸ਼ਨ ਕੀਤਾ ਹੈ ਜਿਵੇਂ ਕਿ ਐੱਵਰੀ ਮਾਈਂਡ ਮੈਟਰ੍ਸ ਵੈੱਬਸਾਈਟ (www.nhs.uk/every-mind-matters) .NHSਮਾਨਸਿਕ ਸਿਹਤ ਸੇਵਾਵਾਂ ਬਦਸਤੂਰ ਕੰਮ ਕਰ ਰਹੀਆਂ ਹਨ ਅਤੇ ਬੱਚਿਆਂ ਤੇ ਨੌਜਵਾਨਾਂ,ਦੇ ਪਰਿਵਾਰਾਂ ਅਤੇ ਦੇਖਭਾਲਕਰਤਾਵਾਂ ਨੂੰ ਲੋੜ ਪੈਣ 'ਤੇ ਮਾਹਰ ਦੀ ਮਦਦ ਲੈਣੀ ਚਾਹੀਦੀ ਹੈ। NHSਕੋਲ ਇਸ ਬਾਰੇ ਆਨਲਾਈਨ ਜਾਣਕਾਰੀ ਹੈ ਕਿ ਮਾਨਸਿਕ ਸਿਹਤ ਬਾਰੇ ਮਦਦ ਅਤੇ ਸਹਾਰੇ ਤਕ ਕਿਵੇਂ ਪਹੁੰਚਣਾ ਹੈ (www.nhs.uk/mental-health/nhs-voluntary-charity-services/nhs-services/how-to-access-mental-health-services/)।

ਅਸੀਂ ਜਾਣਦੇ ਹਾਂ ਕਿ ਮਹਾਂਮਾਰੀ ਹਰੇਕ ਵਿਅਕਤੀ ਲਈ ਔਖਾ ਸਮਾਂ ਰਿਹਾ ਹੈ ਅਤੇ ਮੰਨਦੇ ਹਾਂ ਕਿ ਇਹ ਉਹਨਾਂ ਲੋਕਾਂ ਲਈ ਖਾਸ ਤੌਰ 'ਤੇ ਮੁਸ਼ਕਿਲ ਹੈ ਜਿਨ੍ਹਾਂ ਨੂੰ ਵਾਧੂ ਸਾਵਧਾਨੀਆਂ ਲੈਣ ਦੀ ਸਲਾਹ ਦਿੱਤੀ ਗਈ ਹੈ। ਤੁਹਾਡੇ ਬੱਚੇ ਨੂੰ ਡਾਕਟਰੀ ਤੌਰ 'ਤੇ ਬਹੁਤ ਕਮਜ਼ੋਰ ਸਮੂਹ ਦੇ ਹਿੱਸੇ ਵਜੋਂ ਸ਼ਾਮਲ ਕਰਨ ਦਾ ਫ਼ੈਸਲਾ,ਸਾਡੇ ਕੋਲ ਉਸ ਸਮੇਂ ਮੌਜੂਦ ਜਾਣਕਾਰੀ ਦੇ ਅਧਾਰ 'ਤੇ,ਉਸਨੂੰ ਸੁਰੱਖਿਅਤ ਰੱਖਣ ਵਿੱਚ ਸਹਾਇਤਾ ਲਈ ਕੀਤਾ ਗਿਆ ਸੀ। ਹੁਣ ਜਦੋਂ ਸਾਡੇ ਕੋਲ ਹੋਰ ਪ੍ਰਮਾਣ ਹਨ,ਤਾਂ ਸਾਨੂੰ ਉਮੀਦ ਹੈ ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਤੁਹਾਡੇ ਬੱਚੇ ਨੂੰ ਹੁਣ ਕੋਵਿਡ -19 ਲਈ ਡਾਕਟਰੀ ਤੌਰ 'ਤੇ ਬਹੁਤ ਕਮਜ਼ੋਰ ਨਹੀਂ ਮੰਨਿਆ ਜਾਂਦਾ ਹੈ।

ਸ਼ੁਭਚਿੰਤਕ,

Jennifer UHarries

ਪ੍ਰੋਫ਼ੈਸਰ ਜੈਨਿਫ਼ਰ ਹੈਰੀਜ਼ OBE (Professor Jennifer Harries OBE)

BSc MB ChB MPH MBA FFPH FCMI

Withdrawn April 2022

Department of Health & Social Care

ਚੀਫ਼ ਐਕਜ਼ੈਕਟਿਵ ਆਫ਼ਿਸਰ

UKਹੈਲਥ ਸਿਕਿਓਰਿਟੀ ਏਜੰਸੀ

**ਇਹ ਚਿੱਠੀ GOV.UK'ਤੇ,ਈਜ਼ੀ ਰੀਡ ਸਮੇਤ,ਵੱਖ-ਵੱਖ ਭਾਸ਼ਾਵਾਂ ਅਤੇ ਫਾਰਮੈਟਾਂ ਵਿੱਚ ਉਪਲਬਧ ਹੋਵੇਗੀ। ਆਡੀਓ,ਬ੍ਰੇਲ,ਵੱਡੇ ਪ੍ਰਿੰਟ ਲਈ RNIBਨੂੰ 0303 1239999'ਤੇ ਕਾਲ ਕਰੋ**

Withdrawn April 2022